## ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ
## ਖੇਤੀ ਭਵਨ, ਫੇਜ-6, ਐਸ.ਏ.ਐਸ ਨਗਰ।

ਵੱਲ

ਸਮੂਹ ਡਿਪਟੀ ਕਮਿਸ਼ਨਰ
-ਕਮ-ਚੇਅਰਮੈਨ ਜਿਲ੍ਹਾ ਪੱਧਰ ਕਾਰਜਕਾਰੀ ਕਮੇਟੀ,
ਪੰਜਾਬ ਰਾਜ।
ਮੀਮੋ ਨੰ:
ਮਿਤੀ:

ਵਿਸ਼ਾ: ਸੀ.ਆਰ.ਐਮ ਸਕੀਮ ਸਾਲ 2024-25 ਅਧੀਨ ਅਨੁਸੂਚਿਤ ਜਾਤੀ ਕੈਟਾਗਰੀ ਦੇ ਪੇਂਡੂ ਉੱਦਮੀਆਂ (Rural Entrepreneur) ਵੱਲੋਂ ਕਸਟਮ ਹਾਈਰਿੰਗ ਸੈਂਟਰ ਸਥਾਪਿਤ ਕਰਨ ਸਬੰਧੀ।

ਹਵਾਲਾ: ਇਸ ਦਫਤਰ ਦਾ ਪੱਤਰ ਨੰ: ਇੰਜੀ./ 1543-66 ਮਿਤੀ 21-06-2024

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਚਾਲੂ ਸਾਲ ਦੌਰਾਨ ਪੇਂਡੂ ਉੱਦਮੀਆਂ (Rural Entrepreneur) ਵੱਲੋਂ ਕਸਟਮ ਹਾਈਰਿੰਗ ਸੈਂਟਰ ਸਥਾਪਿਤ ਕਰਨ ਲਈ ਘੱਟੋ ਘੱਟ 15 ਲੱਖ ਰੁਪਏ ਦੀ ਟਰਨ ਓਵਰ ਦੀ ਸ਼ਰਤ ਰੱਖੀ ਗਈ ਸੀ। ਪ੍ਰੰਤੂ ਵੱਖ-ਵੱਖ ਜਿਲ੍ਹਿਆ ਵੱਲੋਂ ਪ੍ਰਾਪਤ ਬੇਨਤੀਆਂ ਦੇ ਸਨਮੁੱਖ ਸਮਰੱਥ ਅਥਾਰਿਟੀ ਵੱਲੋਂ ਅਨੁਸੂਚਿਤ ਜਾਤੀਆਂ (ਐਸ.ਸੀ ਬਿਨੈ-ਪਾਤਰੀ) ਨੂੰ ਛੋਟ ਦਿੰਦੇ ਹੋਏ 15 ਲੱਖ ਰੁਪਏ ਦੀ ਟਰਨ ਓਵਰ ਨੂੰ ਘਟਾ ਕੇ 7.50 ਲੱਖ ਰੁਪਏ ਕਰਨ ਦਾ ਫੈਸਲਾ ਲਿਆ ਗਿਆ ਹੈ।

ਇਸ ਸਬੰਧੀ ਕਾਰਵਾਈ ਤਰੁੰਤ ਅਮਲ ਵਿੱਚ ਲਿਆਂਦੀ ਜਾਵੇ।

ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਸਮੂਹ ਮੁੱਖ ਖੇਤੀਬਾੜੀ ਅਫਸਰਾਂ ਨੂੰ ਆਪ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਐਸ.ਸੀ ਬਿਨੈ ਪਾਤਰੀਆਂ ਨੂੰ ਵੱਖ-ਵੱਖ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਵੇ ਅਤੇ ਸੈਕਸ਼ਨ ਜਾਰੀ ਕਰਨ ਹਿੱਤ ਉਕਤ ਅਨੁਸਾਰ ਕਾਰਵਾਈ ਕੀਤੀ ਜਾਵੇ।

ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ

ਪਿੱਠ ਅੰਕਣ ਨੰ: 3855 ਮਿਤੀ: 4/11/24

ਉਪਰੋਕਤ ਦਾ ਉਤਾਰਾ ਸੰਯੁਕਤ ਡਾਇਰੈਕਟਰ ਖੇਤੀਬਾੜੀ (ਹ.ਜ਼) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਨੂੰ agrimachinerypb.com ਪੋਰਟਲ ਦੇ ਨੋਟਿਸ ਬੋਰਡ ਤੇ ਅਪਲੋਡ ਕਰਨ ਬਾਬਤ ਪੋਰਟਲ ਟੀਮ ਨੂੰ ਹਦਾਇਤ ਕੀਤੀ ਜਾਵੇ।

04/11/24

ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ